ਪੰਜਾਬ ਸਰਕਾਰ
ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ
ਵਿਕਾਸ ਭਵਨ, ਸੈਕਟਰ 62, ਮੋਹਾਲੀ।
(ਯੋਜਨਾ ਸ਼ਾਖਾ)

(3)

ਸੇਵਾ ਵਿਖੇ

ਰਾਜ ਦੇ ਸਮੂਹ:
1) ਡਿਪਟੀ ਕਮਿਸ਼ਨਰਜ਼ ;
2) ਵਧੀਕ ਡਿਪਟੀ ਕਮਿਸ਼ਨਰ-ਕਮ-
ਮੁੱਖ ਕਾਰਜਕਾਰੀ ਅਫਸਰ,ਜਿਲ੍ਹਾ ਪ੍ਰੀਸ਼ਦਾਂ।

ਮੀਮੋ ਨੰ:14/12/2009/ਪੀ-3/9195-9233
ਮਿਤੀ 18-2-10

ਵਿਸ਼ਾ:- ਪਲਾਨ ਸਕੀਮ ਆਰ.ਡੀ.ਓ(ਡੀ)-1-ਪਿੰਡਾਂ ਵਿੱਚ ਪਖਾਨਿਆ ਦੀ ਉਸਾਰੀ।

---

ਪੰਜਾਬ ਸਰਕਾਰ ਵਲੋਂ ਪੇਂਡੂ ਇਲਾਕਿਆਂ ਵਿੱਚ ਗਰੀਬ ਲੋਕਾਂ ਦੇ ਘਰਾਂ ਵਿੱਚ ਨਿੱਜੀ ਪਖਾਨੇ ਉਸਾਰਨ ਲਈ ਇਹ ਸਕੀਮ ਬਣਾਈ ਗਈ ਹੈ। ਇਹ ਇਕ ਜਿਲ੍ਹਾ ਪੱਧਰੀ ਸਕੀਮ ਹੈ। ਇਸ ਸਕੀਮ ਨੂੰ ਲਾਗੂ ਕਰਨ ਵਾਸਤੇ ਹੇਠ ਲਿਖੀਆਂ ਸੇਧਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ:-

1) ਇਸ ਸ਼ਕੀਮ ਅਧੀਨ ਪਿੰਡਾਂ ਵਿੱਚ ਰਹਿ ਰਹੇ ਗਰੀਬ ਲੋਕਾਂ ਦੇ ਘਰਾਂ ਵਿੱਚ ਪਖਾਨਿਆ ਦੀ ਉਸਾਰੀ ਕੀਤੀ ਜਾਣੀ ਹੈ।

2) ਪਿੰਡਾਂ ਜਾਂ ਆਬਾਦੀ ਅਤੇ ਲਾਭਪਾੱਤਰਾਂ ਦੀ ਚੋਣ ਸਬੰਧਤ ਡਿਪਟੀ ਕਮਿਸ਼ਨਰ ਵਲੋਂ ਕੀਤੀ ਜਾਵੇਗੀ।

3) ਇਸ ਸਕੀਮ ਅਧੀਨ ਬੀ.ਪੀ.ਐਲ. ਪਰਿਵਾਰਾ ਨੂੰ ਤਰਜੀਹ ਦਿੱਤੀ ਜਾਵੇਗੀ। **ਬੀ.ਪੀ. ਐਲ. ਪਰਿਵਾਰਾ ਤੋਂ ਇਲਾਵਾ ਅਨੁਸੂਚਿਤ ਜਾਤੀ ਅਤੇ ਅਦਰ ਪੁਅਰ ਬਸਤੀਆ/ ਪਿੰਡਾਂ (Other poor Bastis/ villages)**ਵਿੱਚ ਰਹਿਣ ਵਾਲੇ ਲਾਭ ਪਾੱਤਰ ਵੀ ਲਏ ਜਾ ਸਕਦੇ ਹਨ।

4) ਕਿਸੇ ਵੀ ਕੈਟੇਗਰੀ ਦੇ ਲਾਭਪਾਤਰਾਂ ਤੋਂ ਕੋਈ ਯੋਗਦਾਨ ਨਹੀ ਲਿਆ ਜਾਵੇਗਾ।

5) ਲਾਭਪਾਤਰਾਂ ਦੀ ਚੋਣ ਉਪਰੰਤ ਫੰਡਜ਼ ਪ੍ਰਾਪਤ ਹੋਣ ਉਪਰੰਤ ਪਖਾਨਿਆ ਦੀ ਉਸਾਰੀ 3 ਮਹੀਨੇ ਦੇ ਅੰਦਰ ਅੰਦਰ ਮੁਕੰਮਲ ਕੀਤੀ ਜਾਵੇਗੀ।

6) ਇਕ ਪਖਾਨੇ ਦੀ ਲਾਗਤ 10,000/- ਰੁਪਏ ਹੋਵੇਗੀ। ਇਸ ਸਬੰਧੀ ਤਖਮੀਨਾ ਅਤੇ ਨਕਸ਼ਾ ਨਿਗਰਾਨ ਇੰਜੀਨੀਅਰ ਪੰਚਾਇਤੀ ਰਾਜ ਵਲੋਂ ਤਿਆਰ ਕਰਕੇ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼ ਨੂੰ ਭੇਜਿਆ ਜਾਵੇਗਾ ਜਿਸ ਅਨੁਸਾਰ ਪਖਾਨਿਆ ਦੀ ਉਸਾਰੀ ਕਰਵਾਈ ਜਾਵੇਗੀ. ਜਿਥੇ ਪਖਾਨੇ ਸੁਲੱਭ ਇੰਟਰਨੈਸ਼ਨਲ ਰਾਂਹੀਂ ਬਣਵਾਏ ਜਾਣਗੇ ਉਥੇ ਨਕਸ਼ਾ (ਡਿਜ਼ਾਇਨ) ਵੀ ਸੁਲੱਭ ਇੰਟਰਨੈਸ਼ਨਲ ਦਾ ਹੀ ਹੋਵੇਗਾ।

7) ਇਸ ਮੰਤਵ ਲਈ ਕਾਰਜਕਾਰੀ ਏਜੰਸੀਆਂ ਗਰਾਮ ਪੰਚਾਇਤਾਂ ਹੋਣਗੀਆਂ। ਜੇਕਰ ਗਰਾਮ ਪੰਚਾਇਤਾਂ ਚਾਹੁਣ ਤਾਂ ਪਖਾਨਿਆਂ ਦੀ ਉਸਾਰੀ ਖੁਦ, ਪੰਚਾਇਤੀ ਰਾਜ ਵਿੰਗ ਜਾਂ ਸੁਲਬ ਇੰਟਰਨੈਸ਼ਨਲ ਰਾਹੀ ਕਰਵਾ ਸਕਦੀਆਂ ਹਨ।

8) ਇਹ ਪਖਾਨੇ ਲਾਭਪਾਤਰਾਂ ਦੇ ਘਰਾਂ ਦੇ ਵਿਹੜੇ ਵਿੱਚ ਬਣਾਏ ਜਾਣਗੇ।

9) ਜੇਕਰ ਕਿਸੇ ਪਿੰਡ ਵਿਚ ਅਨੁਸੂਚਿਤ ਜਾਤੀ/ਅਦਰ ਪੂਅਰ ਲਾਭਪਾੱਤਰ ਦੇ ਪਰਿਵਾਰ ਦੇ ਘਰ ਵਿਚ ਪਖਾਨਾ ਬਣਾਉਣ ਦੀ ਜਗਾ ਨਹੀ ਹੈ ਤਾਂ ਅਜਿਹੇ ਪਰਿਵਾਰ ਲਈ (Community Block) ਸਮੂਹਿਕ ਬਲਾਕ ਲੈਟਰਿੰਨ ਦੀ ਉਸਾਰੀ ਗ੍ਰਾਮ ਪੰਚਾਇਤ ਦੀ ਸਾਮਲਾਤ ਜਮੀਨ ਤੇ ਕੀਤੀ ਜਾਵੇਗੀ। ਇਸ ਤਰਾਂ ਬਣਾਏ ਪਖਾਨਿਆ ਵਿਚੋਂ ਹਰ ਪਰਿਵਾਰ ਨੂੰ ਇਕ ਪਖਾਨਾ ਪੱਕੇ ਤੌਰ ਤੇ ਅਲਾਟ ਕਰ ਦਿੱਤੀ ਜਾਵੇਗੀ। ਸਮੂਹਿਕ ਬਲਾਕ ਵਿਚ ਅਲਾਟ ਕੀਤੇ ਪਖਾਨੇ ਅਤੇ ਘਰਾਂ ਵਿੱਚ ਬਣਾਂਏ ਗਏ ਪਖਾਨਿਆ ਦੀ ਸਫਾਈ ਅਤੇ ਮੁਰੰਮਤ ਦੀ ਜਿੰਮੇਵਾਰੀ ਸਬੰਧਤ ਲਾਭਪਾਤਰ ਪਰਿਵਾਰ ਦੀ ਹੋਵੇਗੀ।

10) ਇਹਨਾਂ ਸੇਧਾਂ ਸਬੰਧੀ ਕਿਸੇ ਕਿਸਮ ਦਾ ਕੋਈ ਸਪੱਸ਼ਟੀਕਰਣ ਲੈਣਾ ਹੋਵੇਗਾ ਤਾਂ ਸਪੱਸ਼ਟੀਕਰਨ ਦੇਣ ਦੇ ਸਮਰਥ ਅਧਿਕਾਰੀ ਡਾਇਰੈਕਟਰ ਪੇਂਡੂ ਵਿਕਾਸ ਅਤੇ ਪੰਚਾਇਤ ਹੋਣਗੇ।

11) ਵਧੀਕ ਡਿਪਟੀ ਕਮਿਸਨਰ (ਵਿਕਾਸ) ਜਿਲ੍ਹੇ ਵਿੱਚ ਇਸ ਸਕੀਮ ਦੀ ਨਿਗਰਾਨੀ ਖੁੱਦ ਕਰਨਗੇ ਤੇ ਖੇਤਰੀ ਅਮਲੇ ਨੂੰ ਆਉਣ ਵਾਲੀਆਂ ਮੁਸ਼ਕਲਾਂ ਦਾ ਨਿਪਟਾਰਾ ਨਿੱਜੀ ਦਿਲਚਸਪੀ ਲੈ ਕੇ ਕਰਨਗੇ। ਉਹ ਜਿਲ੍ਹੇ ਵਿਚ ਬਣਾਏ ਜਾਣ ਵਾਲੇ ਪਖਾਨਿਆ ਦੀ ਮਹੀਨਾਵਾਰ ਪ੍ਰਗਤੀ ਰਿਪੋਰਟ ਹਰ ਮਹੀਨੇ ਦੀ 7 ਤਾਰੀਖ ਤੱਕ ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਨੂੰ ਭੇਜਣਗੇ ।

12) ਪੰਜਾਬ ਭਰ ਵਿਚ ਉਸਾਰੇ ਜਾਣ ਵਾਲੇ ਇਨ੍ਹਾਂ ਸਾਰੇ ਪਖਾਨਿਆ ਦੀ ਦੇਖ ਰੇਖ ਦੀ ਜਿੰਮੇਵਾਰੀ ਕਾਰਜਕਾਰੀ ਇੰਜੀਨੀਅਰ (ਪਰ) ਦੀ ਹੋਵੇਗੀ। ਉਹ ਪਿੰਡਾਂ ਵਿੱਚ ਸਮੂਹ ਬਲਾਕ ਪਖਾਨੇ (Community Block ) ਦੀ ਉਸਾਰੀ ਫੰਡਜ਼ ਪ੍ਰਾਪਤ ਹੋਣ ਤੋਂ ਤਿੰਨ ਮਹੀਨੇ ਦੇ ਅੰਦਰ ਅੰਦਰ ਕਰਵਾਉਣਗੇ। ਪਖਾਨਿਆ ਦੀ ਉਸਾਰੀ ਦੀ 100% ਨਿੱਜੀ Inspection ਜੂਨੀਅਰ ਇੰਜੀਨੀਅਰ 50% ਐਸ.ਡੀ.ਓ. (ਪਰ) ਅਤੇ ਘੱਟੋ ਘੱਟ 25% ਨਿੱਜੀ Inspection ਐਕਸੀਅਨ (ਪਰ) ਵਲੋਂ ਕੀਤੀ ਜਾਵੇਗੀ। ਜੇਕਰ ਘਰਾਂ ਵਿਚ ਨਿਜੀ ਪਖਾਨਿਆਂ ਦੀ ਉਸਾਰੀ ਪੰਚਾਇਤਾਂ ਵਲੋਂ ਕੀਤੀ ਜਾਂਦੀ ਹੈਂ ਤਾਂ ਉਹ ਵੀ ਲੋੜੀਦਾ ਰਿਕਾਰਡ (ਐਮ.ਬੀ. ਆਦਿ) ਰੂਲਾਂ ਅਨੁਸਾਰ ਰੱਖਣਗੀਆਂ।

13) ਇਸ ਸਕੀਮ ਨੂੰ ਲਾਗੂ ਕਰਨ ਅਤੇ ਮੁਕੰਮਲ ਰਿਕਾਰਡ ਰੱਖਣ ਦੀ ਜਿੰਮੇਵਾਰੀ ਗਰਾਮ ਪੰਚਾਇਤਾਂ ਦੀ ਹੋਵੇਗੀ ਅਤੇ ਜੇਕਰ ਗਰਾਮ ਪੰਚਾਇਤਾਂ ਇਹ ਕੰਮ ਪੰਚਾਇਤੀ ਰਾਜ ਜਾਂ ਸੁਲਭ ਇੰਟਰਨੈਸ਼ਨਲ ਰਾਹੀ ਕਰਵਾਉਣਗੀਆਂ ਤਾਂ

ਪੰਚਾਇਤੀ ਰਾਜ ਵਿੰਗ/ਸੁਲਭ ਇੰਟਰਨੈਸ਼ਨਲ ਤੋਂ ਕੰਮ ਕਰਵਾਉਣ ਉਪਰੰਤ ਵਰਤੋਂ ਸਰਟੀਫਿਕੇਟ ਸਬੰਧਤ ਜੂਨੀਅਰ ਇੰਜੀਨੀਅਰ/ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਤੋਂ ਤਸਦੀਕ ਕਰਵਾਕੇ ਜਿਲ੍ਹਾ ਯੋਜਨਾ ਅਤੇ ਵਿਕਾਸ ਬੋਰਡ/ਜਿਲ੍ਹਾ ਯੋਜਨਾ ਕਮੇਟੀ ਜਿਸ ਰਾਹੀਂ ਫੰਡਜ਼ ਪ੍ਰਾਪਤ ਹੋਏ ਹੋਣ ਨੂੰ ਤੁਰੰਤ ਭੇਜੇ ਜਾਣਗੇ।

14) ਇਸ ਸਕੀਮ ਅਧੀਨ ਲੋੜੀਂਦੇ ਫੰਡਾਂ ਦਾ ਹਿਸਾਬ ਕਿਤਾਬ ਜਿਲਾ ਪੱਧਰ ਤੇ ਕਾਰਜਕਾਰੀ ਇੰਜੀਨੀਅਰ (ਪਰ) ਰਾਂਹੀਂ ਹੀ ਰੱਖਿਆ ਜਾਵੇਗਾ।

15) ਇਹ ਹਦਾਇਤਾਂ ਪਹਿਲਾਂ ਜਾਰੀ ਕੀਤੀਆਂ ਸਾਰੀਆਂ ਹਦਾਇਤਾਂ ਦਾ ਅਧਿਲੰਘਣ (Supersede) ਕਰਨਗੀਆਂ।

ਚੰਡੀਗੜ੍ਹ, ਮਿਤੀ 15/2/2010

ਗੁਰਦੇਵ ਸਿੰਘ ਸਿੱਧੂ, ਆਈ.ਏ.ਐਸ.
ਸਕੱਤਰ, ਪੰਜਾਬ ਸਰਕਾਰ
ਪੇਂਡੂ ਵਿਕਾਸ ਅਤੇ ਪੰਚਾਇਤ,ਵਿਭਾਗ।

ਪਿੱਠ ਅੰਕਣ ਨੰ:14/12/2009/ਪੀ-3/ 1133 ਚੰਡੀਗੜ੍ਹ, ਮਿਤੀ 18/2/10

ਉਪਰੋਕਤ ਦਾ ਇਕ ਉਤਾਰਾ ਨਿਗਰਾਨ ਇੰਜੀਨੀਅਰ ਪੰਚਾਇਤੀ ਰਾਜ ਅਤੇ ਰਾਜ ਦੇ ਸਮੂਹ ਕਾਰਜਕਾਰੀ ਇੰਜੀਨੀਅਰ (ਪਰਸ) ਨੂੰ ਪੈਰ੍ਹਾ ਨੰ: 5 ਅਨੁਸਾਰ 10,000/- ਰੁਪਏ ਦੀ ਲਾਗਤ ਨਾਲ ਬਣਨ ਵਾਲੇ ਪਖਾਨੇ ਦੀ ਡਰਾਇੰਗ ਤਿਆਰ ਕਰਕੇ ਡਿਪਟੀ ਕਮਿਸ਼ਨਰਜ਼ ਨੂੰ ਭੇਜਣ ਲਈ ਲਿਖਿਆ ਜਾਂਦਾ ਹੈ।

ਵਧੀਕ ਡਾਇਰੈਕਟਰ,ਪੰਚਾਇਤ

ਪਿੱਠ ਅੰਕਣ ਨੰ:14/12/2009/ਪੀ-3/ 1135 ਚੰਡੀਗੜ੍ਹ, ਮਿਤੀ 18/2/10

ਉਪਰੋਕਤ ਦਾ ਇਕ ਉਤਾਰਾ ਰਾਜ ਦੇ ਸਮੂਹ ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰਾਂ ਨੂੰ ਸੂਚਨਾ ਅਤੇ ਜਰੂਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਡਾਇਰੈਕਟਰ ਪੰਚਾਇਤ

ਪਿੱਠ ਅੰਕਣ ਨੰ: 14/12/2009/ਪੀ-3/ 1236-73 ਚੰਡੀਗੜ੍ਹ, ਮਿਤੀ 18/2/10

ਉਪਰੋਕਤ ਦਾ ਇਕ ਉਤਾਰਾ ਰਾਜ ਦੇ ਸਮੂਹ ਬਲਾਕ ਵਿਕਾਸ ਅਤੇ ਪੰਚਾਇਤ ਅਫਸਰਾਂ ਨੂੰ ਸੂਚਨਾ ਅਤੇ ਜਰੂਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਡਾਇਰੈਕਟਰ ਪੰਚਾਇਤ